Interior Health

# ਸ਼ਰਾਬ ਦੀ ਵਰਤੋਂ ਦੇ ਟ੍ਰੀਟਮੈਂਟ ਲਈ ਦਵਾਈਆਂ ਦੀ ਤੁਹਾਡੀ ਗਾਈਡ

ਮਰੀਜ਼ ਦੀ ਜਾਣਕਾਰੀ ਲਈ

www.interiorhealth.ca

*"ਦਵਾਈ ਨੇ ਮੇਰੀ ਸ਼ਰਾਬ ਦੀ ਲਾਲਸਾ ਅਤੇ ਤੋੜ ਲੱਗਣ ਦੇ ਲੱਛਣਾਂ ਨੂੰ ਬਹੁਤ ਘੱਟ ਕਰ ਦਿੱਤਾ ਅਤੇ ਮੈਂ ਜਿਸ ਤਰ੍ਹਾਂ ਦੀ ਜ਼ਿੰਦਗੀ ਚਾਹੁੰਦਾ ਸੀ, ਮੈਨੂੰ ਉਸ ਵਿੱਚ ਅੱਗੇ ਵਧਣ ਵਿੱਚ ਮਦਦ ਕੀਤੀ।"*

## ਇਹ ਦਵਾਈਆਂ ਹੇਠ ਲਿਖੇ ਟੀਚੇ ਹਾਸਲ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ:

- ਸ਼ਰਾਬ ਪੀਣ ਦੀ ਲਾਲਸਾ ਘਟਾਉਣੀ
- ਤੁਹਾਡੇ ਵੱਲੋਂ ਸ਼ਰਾਬ ਪੀਣ ਦੇ ਕੁੱਲ ਦਿਨਾਂ ਨੂੰ ਘੱਟ ਕਰਨਾ
- ਤੁਹਾਡੇ ਵੱਲੋਂ ਇੱਕੋ ਸਮੇਂ ਬਹੁਤ ਜ਼ਿਆਦਾ ਸ਼ਰਾਬ ਪੀਣ ਦੇ ਵਾਕਿਆਤ ਘਟਾਉਣੇ
- ਸਮੁੱਚੇ ਤੌਰ 'ਤੇ ਤੁਹਾਡੇ ਵੱਲੋਂ ਪੀਤੀ ਜਾਂਦੀ ਸ਼ਰਾਬ ਦੀ ਮਿਕਦਾਰ ਨੂੰ ਘਟਾਉਣਾ

## ਮੈਡੀਕਲ ਸਹਾਇਤਾ ਤੋਂ ਬਿਨਾਂ ਇੱਕਦਮ ਸ਼ਰਾਬ ਛੱਡਣ ਕਰਕੇ ਜਾਨ ਖ਼ਤਰੇ ਵਿੱਚ ਪੈ ਸਕਦੀ ਹੈ।

## ਆਪਣੀਆਂ ਦਵਾਈਆਂ ਦੁਬਾਰਾ ਭਰਵਾਉਣ ਲਈ

- ਆਪਣੇ ਫੈਮਲੀ ਡਾਕਟਰ ਨਾਲ ਜਾਂ ਸਥਾਨਕ ਮੈਡੀਕਲ ਕਲੀਨਿਕ ਵਿਖੇ ਅਪੌਇੰਟਮੈਂਟ ਬਣਾਓ
- ਆਪਣੇ ਫ਼ਾਰਮਾਸਿਸਟ ਨਾਲ ਗੱਲ ਕਰੋ
- ਆਪਣੇ ਸਥਾਨਕ ਮੈਂਟਲ ਹੈਲਥ ਐਂਡ ਸਬਸਟੈਂਸ ਯੂਜ਼ (ਐੱਮ.ਐੱਚ.ਐੱਸ.ਯੂ.) ਸੈਂਟਰ ਨਾਲ **310-MHSU (6478)** 'ਤੇ ਸੰਪਰਕ ਕਰੋ

## ਬਹੁਤ ਸਾਰੀਆਂ ਦਵਾਈਆਂ ਦੀ ਲਾਗਤ ਲਈ ਕਵਰੇਜ ਪ੍ਰਦਾਨ ਕੀਤੀ ਜਾਂਦੀ ਹੈ

ਆਪਣੇ ਸਿਹਤ ਸੰਭਾਲ ਪੇਸ਼ੇਵਰ ਨਾਲ ਅੱਜ ਹੀ ਗੱਲ ਕਰੋ ਜਾਂ 310-MHSU (6478) 'ਤੇ ਫ਼ੋਨ ਕਰੋ। ਤੁਹਾਡੀ ਕਮਿਊਨਿਟੀ ਵਿੱਚ **ਮੁਫ਼ਤ ਜਾਂ ਘੱਟ ਲਾਗਤ** ਵਾਲੇ ਟ੍ਰੀਟਮੈਂਟ ਵਿਕਲਪ ਮੌਜੂਦ ਹੋ ਸਕਦੇ ਹਨ:

- ਵਿਅਕਤੀਗਤ ਜਾਂ ਗਰੁੱਪ ਕਾਊਂਸਲਿੰਗ
- ਨਸ਼ੇ ਦੀ ਤੋੜ ਲੱਗਣ ਨਾਲ ਨਜਿੱਠਣਾ (ਡੀਟੌਕਸ)
- ਸਭਿਆਚਾਰਕ ਅਤੇ ਅਧਿਆਤਮਕ ਦੇਖਭਾਲ
- ਸਾਥੀਆਂ ਵੱਲੋਂ ਸਹਾਰਾ
- ਗਰਭਵਤੀ ਅਤੇ ਬੱਚਿਆਂ ਦੀ ਪਰਵਰਿਸ਼ ਕਰਨ ਵਾਲ਼ਿਆਂ ਲਈ ਸੇਵਾਵਾਂ

ਦੂਜੇ ਪਾਸੇ ਹੋਰ ਜਾਣਕਾਰੀ ਮੌਜੂਦ ਹੈ →

**ਸ਼ਰਾਬ ਦੀ ਵਰਤੋਂ ਦੇ ਵਿਕਾਰ ਲਈ ਦਵਾਈਆਂ ਲੈਣ ਵਾਲੇ ਲੋਕਾਂ ਦੇ ਆਪਣੇ ਅਨੁਭਵ**

youtu.be/nCC44vcBMA8

### ਮੈਥਿਊ ਦਾ ਅਨੁਭਵ ਦੇਖੋ

"ਸ਼ਰਾਬ ਦੇ ਨਸ਼ੇ ਵਿੱਚ ਮੈਂ ਜੋ ਕੁਝ ਵੀ ਭੁਲਾਉਣਾ ਚਾਹੁੰਦਾ ਸੀ ਮੈਂ ਉਨ੍ਹਾਂ ਚੀਜ਼ਾਂ ਦਾ ਸਾਹਮਣਾ ਕਰਨ ਤੋਂ ਡਰਦਾ ਸੀ। ਮੈਂ 43 ਸਾਲਾਂ ਦਾ ਹਾਂ ਅਤੇ ਹੁਣ ਮੇਰੇ ਵਿੱਚ ਪਹਿਲਾਂ ਨਾਲ਼ੋਂ ਬਹੁਤ ਤਬਦੀਲੀ ਆ ਚੁੱਕੀ ਹੈ।ਮੈਂ ਇੱਥੇ ਹਾਂ, ਮੈਂ ਜ਼ਿੰਦਾ ਹਾਂ ਅਤੇ ਖ਼ੁਸ਼ ਹਾਂ।"

ਸਫਲਤਾ ਦੀਆਂ ਹੋਰ ਕਹਾਣੀਆਂ, ਦਵਾਈਆਂ ਬਾਰੇ ਜਾਣਕਾਰੀ ਅਤੇ ਸਰੋਤਾਂ ਵਾਸਤੇ interiorhealth.ca 'ਤੇ ਜਾਓ।

interiorhealth.ca/mhsu

| | | | |
|---|---|---|---|
| **8-1-1 'ਤੇ ਫ਼ੋਨ ਕਰੋ**<br>ਹੈਲਥਲਿੰਕ ਬੀ.ਸੀ.<br>www.healthlinkbc.ca | ਨਰਸ | ਦਿਨ ਦੇ 24 ਘੰਟੇ ਰੋਜ਼ਾਨਾ | ਨਰਸ ਨਾਲ ਗੱਲ ਕਰਨ, ਪੋਸ਼ਣ ਬਾਰੇ ਡਾਇਟੀਸ਼ੀਅਨ ਨਾਲ ਗੱਲ ਕਰਨ ਜਾਂ ਆਪਣੀ ਦਵਾਈ ਬਾਰੇ ਫ਼ਾਰਮਾਸਿਸਟ ਨਾਲ ਗੱਲ ਕਰਨ ਲਈ 8-1-1 'ਤੇ ਫ਼ੋਨ ਕਰੋ। |
| | ਡਾਇਟੀਸ਼ੀਅਨ | ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤਕ। ਸੋਮਵਾਰ ਤੋਂ ਸ਼ੁੱਕਰਵਾਰ | |
| | ਫਾਰਮਾਸਿਸਟ | ਸ਼ਾਮ 5 ਵਜੇ ਤੋਂ ਸਵੇਰੇ 9 ਵਜੇ ਤਕ ਰੋਜ਼ਾਨਾ | |
| | ਉੱਚਾ ਸੁਣਨ ਵਾਲੇ ਵਿਅਕਤੀ | 7-1-1 'ਤੇ ਫ਼ੋਨ ਕਰੋ | |

**822285** Aug 10-23

# ਦਵਾਈਆਂ ਦੀ ਤੁਹਾਡੀ ਗਾਈਡ *(ਜਾਰੀ)*

## ਨੈਲਟ੍ਰੈਕਸੋਨ, ਟੂਪੀਰਾਮੇਟ, ਜਾਂ ਗੈਬਾਪੈਨਟਿਨ

- ਇਹ ਦਵਾਈਆਂ ਸ਼ਰਾਬ ਦੀ ਵਰਤੋਂ ਘਟਾਉਣ ਦੇ ਤੁਹਾਡੇ ਟੀਚੇ ਜਾਂ ਸ਼ਰਾਬ ਛੱਡਣ (ਗੁਰੇਜ਼ ਕਰਨ) ਦੇ ਤੁਹਾਡੇ ਟੀਚੇ ਨੂੰ ਹਾਸਲ ਕਰਨ ਵਿੱਚ ਸਹਾਈ ਹੁੰਦੀਆਂ ਹਨ
- ਸ਼ਰਾਬ ਪੀਣ ਦੀ ਆਪਣੀ ਲਾਲਸਾ ਵਿੱਚ ਤੁਸੀਂ ਹੌਲੀ-ਹੌਲੀ ਗਿਰਾਵਟ ਮਹਿਸੂਸ ਕਰੋਗੇ
- ਇਹ ਦਵਾਈਆਂ ਮੂੰਹ ਰਾਹੀਂ, ਭੋਜਨ ਦੇ ਨਾਲ ਜਾਂ ਭੋਜਨ ਤੋਂ ਬਿਨਾਂ ਲਈਆਂ ਜਾਂਦੀਆਂ ਹਨ; ਯਕੀਨੀ ਬਣਾਓ ਕਿ ਤੁਸੀਂ ਦਵਾਈ ਨੂੰ ਨਿਗਲੋ ਅਤੇ ਚਬਾਓ **ਨਹੀਂ**

## ਨੈਲਟ੍ਰੈਕਸੋਨ

- ਪਹਿਲੀ ਵਾਰੀ **ਅਸਰ** 1 ਘੰਟੇ ਦੇ ਅੰਦਰ ਦੇਖਣ ਨੂੰ ਮਿਲਦਾ ਹੈ
- ਆਪਣੇ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ ਕਿਉਂਕਿ ਅਸਰਦਾਰ ਹੋਣ ਲਈ ਨੈਲਟ੍ਰੈਕਸੋਨ ਨੂੰ ਦਿਨ ਵਿੱਚ **ਵੱਖ-ਵੱਖ ਸਮਿਆਂ** 'ਤੇ ਲੈਣਾ ਪੈਂਦਾ ਹੈ - ਉਦਾਹਰਣ ਵਜੋਂ, ਨੈਲਟ੍ਰੈਕਸੋਨ ਨੂੰ ਕਿਸੇ ਸਮਾਜਕ ਸਮਾਗਮ 'ਤੇ ਜਾਣ ਤੋਂ ਪਹਿਲਾਂ ਲਿਆ ਜਾ ਸਕਦਾ ਹੈ  ਤਾਂ ਕਿ ਸ਼ਰਾਬ ਪੀਣ ਦੀ ਤੁਹਾਡੀ ਲਾਲਸਾ ਅਤੇ ਮਿਕਦਾਰ ਨੂੰ ਘੱਟ ਕੀਤਾ ਜਾ ਸਕੇ

✘ ਜੇ ਤੁਸੀਂ **ਓਪੀਓਇਡਜ਼** (ਟਾਇਲਾਨੌਲ #3, ਕੋਡੀਐਨ, ਡਿਲਾਉਡਿਡ, ਫੈਂਟਾਨਿਲ, ਆਦਿ) ਦੀ ਵਰਤੋਂ ਕਰ ਰਹੇ ਹੋ ਤਾਂ ਆਪਣੇ ਪ੍ਰਦਾਤਾ ਨੂੰ ਸੂਚਿਤ ਕਰੋ - ਇਸ ਸਥਿਤੀ ਵਿੱਚ ਹੋ ਸਕਦਾ ਹੈ ਕਿ ਨੈਲਟ੍ਰੈਕਸੋਨ ਇੱਕ ਸੁਰੱਖਿਅਤ ਚੋਣ ਨਾ ਹੋਵੇ।

✘ ਜੇ ਤੁਹਾਨੂੰ **ਜਿਗਰ ਦਾ** ਗੰਭੀਰ **ਰੋਗ (ਸਿਰੋਸਿਸ)** ਹੋਵੇ ਤਾਂ ਨੈਲਟ੍ਰੈਕਸੋਨ ਲੈਣੀ ਸੁਰੱਖਿਅਤ ਨਹੀਂ ਹੈ

## ਟੂਪੀਰਾਮੇਟ

- ਪਹਿਲੀ ਵਾਰੀ ਅਸਰ ਇੱਕ ਹਫ਼ਤੇ ਦੇ ਅੰਦਰ ਦੇਖਣ ਨੂੰ ਮਿਲਦਾ ਹੈ।
- ਟੂਪੀਰਾਮੇਟ ਦੀ ਖ਼ੁਰਾਕ ਵਿੱਚ ਹਰ ਹਫ਼ਤੇ ਵਾਧਾ ਹੁੰਦਾ ਹੈ।
- ਇਸ ਦਵਾਈ ਨੂੰ ਅਚਾਨਕ ਬੰਦ ਕਰਨ ਨਾਲ ਬਹੁਤ ਜ਼ਿਆਦਾ ਤੋੜ ਲੱਗ ਸਕਦੀ ਹੈ ਅਤੇ ਅਜਿਹਾ ਕਰਨ ਦੀ ਸਿਫ਼ਾਰਿਸ਼ ਨਹੀਂ ਕੀਤੀ ਜਾਂਦੀ। ਜੇ ਤੁਹਾਨੂੰ ਦਵਾਈ ਬੰਦ ਕਰਨ ਦੀ ਲੋੜ ਹੋਵੇ ਤਾਂ ਆਪਣੇ ਦੇਖਭਾਲ ਪ੍ਰਦਾਤਾ ਨਾਲ ਰਲ਼ ਕੇ ਇਸ ਨੂੰ ਹੌਲੀ-ਹੌਲੀ ਘਟਾਓ।

✘ ਟੂਪੀਰਾਮੇਟ **ਗਰਭਵਤੀ** ਔਰਤਾਂ ਜਾਂ ਗਰਭ ਧਾਰਨ ਕਰਨ ਦੀ ਯੋਜਨਾ ਬਣਾਉਣ ਵਾਲਿਆਂ ਲਈ **ਸੁਰੱਖਿਅਤ ਨਹੀਂ ਹੈ**

## ਗੈਬਾਪੈਨਟਿਨ

- ਪਹਿਲੀ ਵਾਰੀ ਅਸਰ ਇੱਕ ਹਫ਼ਤੇ ਦੇ ਅੰਦਰ ਦੇਖਣ ਨੂੰ ਮਿਲਦਾ ਹੈ।
- ਇਸ ਦਵਾਈ ਨੂੰ ਅਚਾਨਕ ਬੰਦ ਕਰਨ ਨਾਲ ਬਹੁਤ ਜ਼ਿਆਦਾ ਤੋੜ ਲੱਗ ਸਕਦੀ ਹੈ ਅਤੇ ਅਜਿਹਾ ਕਰਨ ਦੀ ਸਿਫ਼ਾਰਿਸ਼ ਨਹੀਂ ਕੀਤੀ ਜਾਂਦੀ। ਜੇ ਤੁਹਾਨੂੰ ਦਵਾਈ ਬੰਦ ਕਰਨ ਦੀ ਲੋੜ ਹੋਵੇ ਤਾਂ ਆਪਣੇ ਦੇਖਭਾਲ ਪ੍ਰਦਾਤਾ ਨਾਲ ਰਲ਼ ਕੇ ਇਸ ਨੂੰ ਹੌਲੀ-ਹੌਲੀ ਘਟਾਓ।

✘ ਜੇ ਤੁਹਾਡੇ ਗੁਰਦੇ (ਕਿਡਨੀ) ਵਿੱਚ ਨੁਕਸ ਹੈ ਤਾਂ ਗੈਬਾਪੈਨਟਿਨ ਦੀ ਵਰਤੋਂ ਕਰਦੇ ਹੋਏ ਤੁਹਾਨੂੰ ਸਾਵਧਾਨ ਰਹਿਣ ਦੀ ਲੋੜ ਹੈ

## ਅਕੈਮਪ੍ਰੋਸੇਟ

- ਪਹਿਲੀ ਵਾਰੀ **ਅਸਰ** ਇੱਕ ਹਫ਼ਤੇ ਦੇ ਅੰਦਰ ਦੇਖਣ ਨੂੰ ਮਿਲਦਾ ਹੈ।
- ਸ਼ਰਾਬ ਛੱਡਣ ਦੇ ਤੁਹਾਡੇ ਟੀਚੇ ਵਿੱਚ ਮਦਦ ਕਰਨ ਵਾਸਤੇ ਤੁਹਾਨੂੰ ਅਕੈਮਪ੍ਰੋਸੇਟ ਤਜਵੀਜ਼ ਕੀਤੀ ਗਈ ਹੈ, ਅਤੇ ਜੇ ਤੁਸੀਂ ਫਿਰ ਵੀ ਸ਼ਰਾਬ ਪੀ ਰਹੇ ਹੋ ਤਾਂ ਇਹ ਘੱਟ ਸਹਾਈ ਹੁੰਦੀ ਹੈ; ਇਹ ਸ਼ਰਾਬ ਦੀ ਲਾਲਸਾ ਦਾ ਮੁਕਾਬਲਾ ਕਰ ਕੇ ਕੰਮ ਕਰਦੀ ਹੈ
- ਅਕੈਮਪ੍ਰੋਸੇਟ ਉਦੋਂ ਬਿਹਤਰ ਕੰਮ ਕਰ ਸਕਦੀ ਹੈ ਜੇ ਤੁਸੀਂ ਇਸ ਨੂੰ ਲੈਣਾ ਸ਼ੁਰੂ ਕਰਨ ਤੋਂ 3 ਦਿਨ ਪਹਿਲਾਂ ਤੋਂ ਸ਼ਰਾਬ ਨਾ ਪੀਓ (ਗੁਰੇਜ਼ ਕਰਨਾ)
- ਇਸ ਨੂੰ ਮੂੰਹ ਰਾਹੀਂ ਲਓ ਅਤੇ ਪਾਣੀ ਨਾਲ ਨਿਗਲੋ ਪਰ ਚਬਾਓ **ਨਹੀਂ**
- ਅਕੈਮਪ੍ਰੋਸੇਟ ਲੈਂਦੇ ਹੋਏ ਜੇ ਤੁਸੀਂ ਸ਼ਰਾਬ ਪੀਣੀ ਸ਼ੁਰੂ ਕਰ ਦਿੰਦੇ ਹੋ (ਮੁੜ ਵਰਤਾਰਾ) ਫਿਰ ਵੀ ਇਹ ਦਵਾਈ ਲੈਣੀ ਜਾਰੀ ਰੱਖੋ ਅਤੇ ਆਪਣੇ ਪ੍ਰਦਾਤਾ ਨਾਲ ਜਿੰਨੀ ਛੇਤੀ ਹੋ ਸਕੇ ਗੱਲ ਕਰੋ
- ਜੇ ਤੁਸੀਂ ਗਰਭਵਤੀ ਹੋ ਤਾਂ ਆਪਣੇ ਪ੍ਰਦਾਤਾ ਨਾਲ ਗੱਲ ਕਰੋ ਕਿ ਕੀ ਤੁਹਾਨੂੰ ਅਕੈਮਪ੍ਰੋਸੇਟ ਜਾਰੀ ਰੱਖਣੀ ਚਾਹੀਦੀ ਹੈ

✘ **ਅੱਲ੍ਹੜ ਉਮਰ ਦੇ ਮੁੰਡੇ-ਕੁੜੀਆਂ ਅਤੇ ਬਜ਼ੁਰਗ ਵਿਅਕਤੀ** ਅਕੈਮਪ੍ਰੋਸੇਟ ਪ੍ਰਤੀ ਸੰਵੇਦਨਸ਼ੀਲ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਪ੍ਰਦਾਤਾਵਾਂ ਨੂੰ ਇਸ ਬਾਰੇ ਅੱਪਡੇਟ ਕਰਨਾ ਚਾਹੀਦਾ ਹੈ ਕਿ ਉਹ ਕਿਵੇਂ ਮਹਿਸੂਸ ਕਰ ਰਹੇ ਹਨ

✘ ਜੇ ਤੁਸੀਂ ਬੱਚੇ ਨੂੰ ਆਪਣਾ ਦੁੱਧ ਚੁੰਘਾ ਰਹੇ ਹੋਵੋ ਜਾਂ ਤੁਹਾਡੇ ਗੁਰਦੇ ਵਿੱਚ ਨੁਕਸ ਹੋਵੇ ਤਾਂ ਅਕੈਮਪ੍ਰੋਸੇਟ **ਨਾ ਲਓ**

**ਕਿਸੇ ਵੀ ਨਵੀਂ ਦਵਾਈ ਨੂੰ ਸ਼ੁਰੂ ਕਰਦੇ ਸਮੇਂ ਤੁਹਾਨੂੰ ਅਣਚਾਹੇ ਪ੍ਰਭਾਵਾਂ ਦਾ ਅਨੁਭਵ ਹੋ ਸਕਦਾ ਹੈ।**

ਤੁਹਾਡੇ ਫ਼ਾਰਮਾਸਿਸਟ ਵੱਲੋਂ ਤੁਹਾਨੂੰ ਇੱਕ ਮੁਕੰਮਲ ਸੂਚੀ ਪ੍ਰਦਾਨ ਕੀਤੀ ਜਾਵੇਗੀ ਅਤੇ ਉਹ ਤੁਹਾਡੇ ਸਵਾਲਾਂ ਦੇ ਜਵਾਬ ਵੀ ਦੇ ਸਕਦੇ ਹਨ। ਇਨ੍ਹਾਂ ਵਿੱਚੋਂ ਕਿਸੇ ਵੀ ਦਵਾਈ ਕਾਰਣ ਹੋਣ ਵਾਲੇ ਅਣਚਾਹੇ ਪ੍ਰਭਾਵ ਛੇਤੀ ਹੀ ਠੀਕ ਹੋ ਜਾਣੇ ਚਾਹੀਦੇ ਹਨ।

ਜੇ ਤੁਹਾਨੂੰ ਹੇਠ ਲਿਖਿਆਂ ਵਿੱਚੋਂ ਕੁਝ ਵੀ ਅਨੁਭਵ ਹੋਵੇ ਤਾਂ ਤੁਰੰਤ ਮੈਡੀਕਲ ਮਦਦ ਹਾਸਲ ਕਰੋ:

- ਸਾਹ ਲੈਣ ਵਿੱਚ ਮੁਸ਼ਕਲ
- ਛਾਤੀ ਵਿੱਚ ਦਰਦ
- ਢਿੱਡ ਵਿੱਚ ਤੀਬਰ ਦਰਦ
- ਚਮੜੀ ਪੀਲੀ ਪੈਣੀ
- ਦਿਨ ਵਿੱਚ ਕਈ ਵਾਰੀ ਉਲਟੀ ਆਉਣੀ
- ਲੰਮੇ ਸਮੇਂ ਤਕ ਅਸਪਸ਼ਟ ਸੋਚ ਜਾਂ ਭੰਬਲਭੂਸਾ

ਜੇ ਅਣਚਾਹੇ ਪ੍ਰਭਾਵ ਠੀਕ ਨਹੀਂ ਹੁੰਦੇ ਜਾਂ ਬਹੁਤ ਤੀਬਰ ਹੋ ਜਾਣ ਤਾਂ ਆਪਣੇ ਦੇਖਭਾਲ ਪ੍ਰਦਾਤਾ ਨਾਲ ਸੰਪਰਕ ਕਰੋ, 8-1-1 'ਤੇ ਫ਼ੋਨ ਕਰੋ ਜਾਂ ਤੁਰੰਤ ਐਮਰਜੰਸੀ ਵਿਭਾਗ ਵਿਖੇ ਜਾਓ।

ਕਨੇਡੀਅਨ ਅਲਕੋਹਲ ਯੂਜ਼ ਡਿਸਆਰਡਰ ਸੋਸਾਇਟੀ (www.cauds.org) ਅਤੇ ਉਨ੍ਹਾਂ ਦੇ ਸੰਸਥਾਪਕ, ਡਾ. ਜੈੱਫ਼ ਹੈਰੀਸ ਦਾ ਇਨਟੀਰੀਅਰ ਹੈਲਥ ਵਿਖੇ ਇਸ ਕਾਰਜ ਅਤੇ ਅਲਕੋਹਲ ਦੀ ਵਰਤੋਂ ਸੰਬੰਧੀ ਵਿਕਾਰ ਦੇ ਟ੍ਰੀਟਮੈਂਟ ਵਿੱਚ ਮਹੱਤਵਪੂਰਣ ਯੋਗਦਾਨ ਲਈ ਧੰਨਵਾਦ।